NYC ਦਾ ਭੋਜਨ ਡਿਲੀਵਰੀ ਪ੍ਰਾਪਤ ਕਰੋ (NYC Get Food) ਅਭਿਯਾਨ ਵਿੱਚ ਹਿੱਸਾ ਲੈਣ ਵਾਲੇ ਡਰਾਈਵਰਾਂ ਲਈ ਦਿਸ਼ਾ ਨਿਰਦੇਸ਼

ਨਿਉਯਾਰਕ ਨਿਵਾਸੀਆਂ ਨੂੰ ਖਾਣਾ ਪਹੁੰਚਾਉਣ ਲਈ ਸਾਈਨ ਅਪ ਕਰਨ ਲਈ ਤੁਹਾਡਾ ਧੰਨਵਾਦ। ਇਸ ਪ੍ਰੋਗਰਾਮ ਵਿੱਚ ਤੁਹਾਡੀ ਸ਼ਮੂਲੀਅਤ ਇਸ ਚੁਣੌਤੀ ਭਰੇ ਸਮੇਂ ਦੌਰਾਨ ਸਾਡੇ ਸ਼ਹਿਰ ਨੂੰ ਸੁਰੱਖਿਅਤ ਅਤੇ ਵਧੇਰੇ ਲਚਕੀਲਾ ਬਣਾਉਂਦੀ ਹੈ।

ਹੇਠਾਂ ਦਿੱਤੀਆਂ ਹਿਦਾਇਤਾਂ ਤੁਹਾਨੂੰ ਆਪਣੇ ਅਸਾਈਨਮੈਂਟ ਨੂੰ ਪੂਰਾ ਕਰਨ ਅਤੇ ਸਮੇਂ ਸਿਰ ਅਦਾਇਗੀ ਪ੍ਰਾਪਤ ਕਰਨ ਵਿੱਚ ਸਹਾਇਤਾ ਕਰਨਗੀਆਂ।

NYC ਦੇ ਭੋਜਨ ਪ੍ਰਾਪਤ ਕਰੋ (NYC Get Food) ਪ੍ਰੋਗਰਾਮ ਲਈ ਡਿਲੀਵਰੀ ਕਰਨ ਦੇ ਆਪਣੇ ਦਿਨ ਦੀ ਸ਼ੁਰੂਆਤ ਕਿਵੇਂ ਕਰੋ

ਤੁਹਾਨੂੰ ਇੱਕ NYC ਫੂਡ ਵਿਤਰਨ ਸਾਈਟ ਨਿਰਧਾਰਤ ਕੀਤੀ ਜਾਏਗੀ। TLC-ਲਾਈਸੈਂਸਧਾਰਕ ਵਾਹਨ ਨੂੰ ਸਾਈਟ 'ਤੇ ਚਲਾਓ ਅਤੇ ਆਪਣੇ ਨਿਰਧਾਰਤ ਚੈੱਕ-ਇਨ ਸਮੇਂ' ਤੇ ਆਪਣੇ ਵਾਹਨ ਨੂੰ ਲਾਈਨ ਵਿੱਚ ਅਗਾਓ। ਜਦੋਂ ਤੁਸੀਂ ਲਾਈਨ ਵਿੱਚ ਅੱਗੇ ਪਹੁੰਚ ਜਾਂਦੇ ਹੋ:

1) ਜਦੋਂ ਤਕ ਸਾਈਟ 'ਤੇ ਸਟਾਫ਼ ਦੁਆਰਾ ਅਜਿਹਾ ਕਰਨ ਦੀ ਹਿਦਾਇਤ ਨਹੀਂ ਕੀਤੀ ਜਾਂਦੀ ਉਦੋਂ ਤਕ ਕਾਰ ਤੋਂ ਬਾਹਰ ਨਾ ਨਿਕਲੋ।
2) ਆਪਣਾ TLC ਡਰਾਈਵਰ ਲਾਇਸੈਂਸ ਪ੍ਰਦਰਸ਼ਤ ਕਰਨ ਲਈ ਤਿਆਰ ਰਹੋ।
3) ਸਾਈਟ ਦੇ ਕਰਮਚਾਰੀ ਤੁਹਾਨੂੰ ਇੱਕ ਦਿਨ ਲਈ ਤੁਹਾਡੇ ਨਿਰਧਾਰਤ ਕੀਤੀ ਗਈ ਸਪੁਰਦਗੀ ਅਤੇ ਤੁਹਾਨੂੰ ਹਰੇਕ ਪਤੇ 'ਤੇ ਕਿੰਨੇ ਭੋਜਨ ਦੀ ਡਿਲੀਵਰੀ ਕਰਨ ਦੀ ਲੋੜ ਹੈ, ਉਸਦੀ ਇੱਕ ਰਨ ਸ਼ੀਟ (Run Sheet) ਪ੍ਰਦਾਨ ਕਰਨਗੇ। **ਇਸ ਸ਼ੀਟ ਨੂੰ ਨਾ ਗੁਆ**ਓ - ਤੁਹਾਨੂੰ ਦਿਨ ਦੇ ਖਤਮ ਹੋਣ ਤੇ ਇਸ ਨੂੰ ਵਾਪਸ ਕਰਨ ਦੀ ਲੋੜ ਹੋਏਗੀ।
4) ਗੱਡੀ ਦੇ ਟ੍ਰੰਕ ਨੂੰ ਖੋਲ੍ਹੋ ਤਾਂ ਜੋ ਸਟਾਫ ਖਾਣਾ ਲੋਡ ਕਰ ਸਕੇ।
5) ਜਦੋਂ ਸਾਈਟ ਦਾ ਸਟਾਫ਼ ਤੁਹਾਨੂੰ ਜਾਣ ਦਾ ਸਿਗਨਲ ਦਿੰਦਾ ਹੈ, ਤਾਂ ਆਪਣੇ ਡਿਲੀਵਰੀ ਪਤਿਆਂ ਦੇ ਵੱਲ ਅੱਗੇ ਵੱਧੋ।

ਆਪਣੀਆਂ ਡਿਲੀਵਰੀਜ਼ ਕਿਵੇਂ ਕਰੋ

1) ਆਪਣੇ ਸਾਰੇ ਡਿਲੀਵਰੀ ਪਤਿਆਂ ਦੀ ਸਮੀਖਿਆ ਕਰੋ ਅਤੇ ਆਪਣੇ ਰੂਟ ਦੀ ਯੋਜਨਾ ਬਣਾਓ। ਹਰ ਪਤੇ ਤੇ ਸੁਰੱਖਿਅਤ ਢੰਗ ਨਾਲ ਡਰਾਈਵ ਕਰੋ।
2) ਜਦੋਂ ਤੁਸੀਂ ਆਪਣੇ ਕਿਸੀ ਡਿਲੀਵਰੀ ਪਤੇ 'ਤੇ ਪਹੁੰਚਦੇ ਹੋ, ਤਾਂ ਆਪਣੀ ਕਾਰ ਪਾਰਕ ਕਰੋ।
3) ਜਦੋਂ ਕਿਸੇ ਪਤੇ ਤੇ ਡਿਲੀਵਰੀ ਕਰ ਰਹੇ ਹੋ, ਤਾਂ ਤੁਸੀਂ ਆਪਣਾ TLC- ਲਾਈਸੈਂਸਧਾਰਕ ਵਾਹਨ ਨੂੰ ਹੇਠਾਂ ਦਿੱਤੇ ਸਥਾਨਾਂ' ਤੇ 10 ਮਿੰਟ ਤਕ ਪਾਰਕ ਕਰ ਸਕਦੇ ਹੋ:
   - ਪਾਰਕਿੰਗ ਖੇਤਰ ਨਹੀਂ
   - ਮੀਟਰ ਵਾਲੀ ਪਾਰਕਿੰਗ ਜ਼ੋਨ (ਤੁਹਾਨੂੰ ਮੀਟਰ 'ਤੇ ਸਮਾਂ ਖਰੀਦਣ ਦੀ ਜ਼ਰੂਰਤ ਨਹੀਂ)
   - ਟਰੱਕ ਲੋਡਿੰਗ ਜ਼ੋਨ
4) ਪਾਰਕ ਕਰਨ ਤੋਂ ਬਾਅਦ, ਆਪਣੀ ਰਨ ਸ਼ੀਟ (Run Sheet) ਨੂੰ ਹੇਠਾਂ ਲਿਖਿਆਂ ਦੀ ਪੁਸ਼ਟੀ ਕਰਨ ਲਈ ਵੇਖੋ:
   - ਉਨ੍ਹਾਂ ਭੋਜਨਾਂ ਦੀ ਸੰਖਿਆ ਜੋ ਤੁਹਾਨੂੰ ਕਿਸੇ ਪਤੇ ਤੇ ਡਿਲੀਵਰ ਕਰਨ ਦੀ ਲੋੜ ਹੈ (ਇਹ ਵੱਖ-ਵੱਖ ਹੋਣਗੇ)
   - ਦੇਖੋ ਕਿ ਕੀ ਗ੍ਰਾਹਕ ਤੁਹਾਨੂੰ ਕਰਬ 'ਤੇ ਮਿਲ ਸਕਦਾ ਹੈ ਜਾਂ ਨਹੀਂ ਮਿਲ ਸਕਦਾ
   - ਕੋਈ ਵੀ ਡਿਲੀਵਰੀ ਹਿਦਾਇਤਾਂ (ਖਰਾਬ ਬਜ਼ਰਸ, ਬੰਦ ਫਾਟਕ, ਆਦਿ) ਬਾਰੇ ਨੋਟ ਕਰੋ
5) ਗਾਹਕ ਨੂੰ ਕਾਲ ਕਰਕੇ ਦੱਸੋ ਕਿ ਉਨ੍ਹਾਂ ਦੀ ਡਿਲੀਵਰੀ ਆ ਚੁੱਕੀ ਹੈ। ਉਹ ਤੁਹਾਨੂੰ ਇਮਾਰਤ ਵਿੱਚ ਦਾਖਲ ਹੋਣ ਅਤੇ ਉਨ੍ਹਾਂ ਦੇ ਅਪਾਰਟਮੈਂਟ ਨੂੰ ਲੱਭਣ ਬਾਰੇ ਵਧੇਰੇ ਨਿਰਦੇਸ਼ ਦੇ ਸਕਦੇ ਹਨ। ਹੋ ਸਕਦਾ ਹੈ ਕਿ ਉਨ੍ਹਾਂ ਨੂੰ ਤੁਹਾਨੂੰ ਇਮਾਰਤ ਵਿੱਚ ਆਉਣ ਲਈ ਗੇਟ ਖੋਲ੍ਹਣਾ ਪਏ।
6) ਤੁਹਾਡੇ ਬਿਲਡਿੰਗ ਵਿੱਚ ਦਾਖਲ ਹੋਣ ਤੋਂ ਬਾਦ, ਗਾਹਕ ਦੇ ਅਪਾਰਟਮੈਂਟ ਦਾ ਦਰਵਾਜ਼ਾ ਲੱਭੋ ਅਤੇ ਘੰਟੀ ਵਜਾਓ। ਤੁਸੀਂ ਖਾਣਾ ਅਪਾਰਟਮੈਂਟ ਦੇ ਦਰਵਾਜ਼ੇ ਤੇ ਛੱਡ ਸਕਦੇ ਹੋ ਅਤੇ ਗਾਹਕ ਤੋਂ ਛੇ ਫੁੱਟ ਦੀ ਦੂਰੀ ਤੇ ਰੱਖ ਸਕਦੇ ਹੋ।
7) ਆਪਣੀ ਡਿਲੀਵਰੀ ਨੂੰ ਪੂਰਾ ਹੋਣ ਦੇ ਤੌਰ ਤੇ ਨਿਸ਼ਾਨ ਲਾਓ।

ਕੀ ਕਰਨਾ ਚਾਹੀਦਾ ਹੈ ਜੇ ਤੁਸੀਂ ਆਪਣੇ ਗਾਹਕ ਤੱਕ ਨਾ ਪਹੁੰਚ ਸਕੋ

1) ਘੱਟੋ ਘੱਟ ਦੋ ਵਾਰ ਗਾਹਕ ਦੇ ਫੋਨ ਤੇ ਕਾਲ ਕਰਨ ਦੀ ਕੋਸ਼ਿਸ਼ ਕਰੋ।
2) ਜੇ ਤੁਸੀਂ ਗ੍ਰਾਹਕ ਦੇ ਅਪਾਰਟਮੈਂਟ (ਯੂਨਿਟ) ਦੇ ਦਰਵਾਜ਼ੇ ਤੇ ਪਹੁੰਚ ਸਕਦੇ ਹੋ, ਤਾਂ ਤੁਹਾਨੂੰ ਡੋਰਬੈਲ ਵੱਜਾਉਣੀ ਚਾਹੀਦੀ ਹੈ। ਜੇ ਗਾਹਕ ਦਰਵਾਜ਼ੇ ਦਾ ਜਵਾਬ ਨਹੀਂ ਦਿੰਦਾ ਤਾਂ ਤੁਸੀਂ ਭੋਜਨ ਨੂੰ ਦਰਵਾਜ਼ੇ ਤੇ ਛੱਡ ਸਕਦੇ ਹੋ। ਇਸ ਸਥਿਤੀ ਵਿੱਚ, ਆਪਣੀ ਰਨ

ਸ਼ੀਟ (Run Sheet) ‘ਤੇ ਇੱਕ ਨੋਟ ਲਿੱਖੋ ਕਿ ਤੁਸੀਂ ਕਲਾਇੰਟ ਨੂੰ ਕਾਲ ਕੀਤਾ ਅਤੇ ਉਨ੍ਹਾਂ ਨੇ ਫੋਨ ਜਾਂ ਡੋਰਬੈਲ ਦਾ ਜਵਾਬ ਨਹੀਂ ਦਿੱਤਾ, ਪਰ ਇਹ ਕਿ ਤੁਸੀਂ ਉਨ੍ਹਾਂ ਲਈ ਖਾਣਾ ਦਰਵਾਜ਼ੇ ਤੇ ਛੱਡ ਦਿੱਤਾ।

3) ਜੇ ਤੁਸੀਂ ਫੋਨ ਰਾਹੀਂ ਗਾਹਕ ਤੱਕ ਨਹੀਂ ਪਹੁੰਚ ਸਕਦੇ ਅਤੇ ਇਮਾਰਤ ਵਿੱਚ ਵੀ ਦਾਖਲ ਨਹੀਂ ਹੋ ਸਕਦੇ, ਤਾਂ ਤੁਸੀਂ ਆਪਣੀ ਰਨ ਸ਼ੀਟ (Run Sheet) ਉੱਤੇ ਡਿਲੀਵਰੀ ਨੂੰ “not complete” (ਪੂਰਾ ਨਾ ਹੋਣ”) ਵਜੋਂ ਨਿਸ਼ਾਨ ਲਗਾ ਸਕਦੇ ਹੋ ਅਤੇ ਇਸ ਦਾ ਕਾਰਨ ਕਿ ਇਸ ਨੂੰ ਕਿਉਂ ਪੂਰਾ ਨਹੀਂ ਕੀਤਾ ਗਿਆ, ਅਤੇ ਆਪਣੀ ਸ਼ਿਫਟ ਦੇ ਅੰਤ ਵਿੱਚ ਵਾਧੂ ਭੋਜਨ ਵਾਪਸ ਕਰ ਸਕਦੇ ਹੋ।

ਆਪਣੀ ਸ਼ਿਫਟ ਦੇ ਖਤਮ ਹੋਣ ਤੇ ਕੀ ਕਰਨਾ ਹੈ

1) ਇੱਕ ਵਾਰ ਜਦੋਂ ਤੁਸੀਂ ਆਪਣੀ ਸ਼ਿਫਟ ਪੂਰੀ ਕਰ ਲੈਂਦੇ ਹੋ, ਤਾਂ ਭੋਜਨ ਵਿਤਰਣ ਸਾਈਟ (ਉਸੇ ਸਾਈਟ 'ਤੇ ਜਾਓ ਜਿੱਥੋਂ ਤੁਸੀਂ ਆਪਣੀ ਸ਼ਿਫਟ ਸ਼ੁਰੂ ਕੀਤੀ ਸੀ) ‘ਤੇ ਜਾਓ।
2) ਆਪਣੀ ਰਨ ਸ਼ੀਟ ਨੂੰ ਸਾਈਟ ਦੇ ਸਟਾਫ਼ ਨੂੰ ਵਾਪਸ ਕਰੋ ਤਾਂਕਿ ਤੁਹਾਡੇ ਦਿਨ ਨੂੰ ਪੂਰੇ ਹੋਣ ਦੇ ਤੌਰ ਤੇ ਨਿਰਧਾਰਤ ਕੀਤਾ ਜਾ ਸਕੇ ਅਤੇ ਤੁਹਾਨੂੰ ਭੁਗਤਾਨ ਕੀਤਾ ਜਾ ਸਕੇ।
3) ਸਾਈਟ ਦਾ ਸਟਾਫ਼ ਤੁਹਾਡੀ ਰਨ ਸ਼ੀਟ ਦੇ ਇੱਕ ਹਿੱਸੇ ‘ਤੇ ਦਸਤਖ਼ਤ ਕਰੇਗਾ ਅਤੇ ਤੁਹਾਡੇ ਰਿਕਾਰਡ ਲਈ ਤੁਹਾਨੂੰ ਵਾਪਸ ਕਰੇਗਾ। ਇਸ ਰਸੀਦ ਨੂੰ ਸੰਭਾਲ ਕੇ ਰੱਖੋ।

ਤੁਹਾਨੂੰ ਭੁਗਤਾਨ ਕਿਵੇਂ ਕੀਤਾ ਜਾਏਗਾ

NYC ਦੇ ਭੋਜਨ ਪ੍ਰਾਪਤ ਕਰੋ (NYC Get Food) ਡਿਲੀਵਰੀ ਸੇਵਾ ਲਈ ਸਾਰੇ ਡ੍ਰਾਈਵਰ ਜਿੰਨਾਂ ਨੇ ਫੂਡ ਡਿਲੀਵਰੀਜ਼ ਪੂਰੀਆਂ ਕੀਤੀਆਂ ਹਨ ਨੂੰ **$15/ਘੰਟੇ** ਦਾ ਭੁਗਤਾਨ ਕੀਤਾ ਜਾਏਗਾ, ਨਾਲ ਹੀ **$5/ਘੰਟੇ** ਦੀ ਮਾਈਲੇਜ਼ ਪ੍ਰਤੀਪੂਰਤੀ ਕੀਤੀ ਜਾਏਗੀ। ਕੋਈ ਵੀ ਅਜਿਹੇ ਰੂਟ ਜੋ ਬ੍ਰੂਕਲਿਸ ਜਾਂ ਕ੍ਵੀਨਸ ਤੋਂ ਹੋਕੇ ਬ੍ਰਓਂਕਸ ਜਾਂਦੇ ਹਨ, ਉਨ੍ਹਾਂ ਨੂੰ RFK Triboro Bridge ਟੋਲਸ ਲਈ ਪ੍ਰਤੀਪੂਰਤੀ ਕੀਤੀ ਜਾਏਗੀ।

ਭੁਗਤਾਨਾਂ 'ਤੇ ਕਾਰਵਾਈ ਹਫਤੇ ਦਰ ਹਫਤੇ ਦੇ ਅਧਾਰ 'ਤੇ ਕੀਤੀ ਜਾਏਗੀ ਜੋ ਐਤਵਾਰ ਤੋਂ ਸ਼ਨੀਵਾਰ ਤੱਕ ਚਲਦਾ ਹੈ, ਅਤੇ ਅਗਲੇ ਸ਼ਨੀਵਾਰ ਤੱਕ ਚੈੱਕ ਡਾਕ ਦੁਆਰਾ ਆ ਜਾਣਗੇ। ਜੇ ਤੁਸੀਂ ਰੂਟਸ ਮੁਕੰਮਲ ਕਰ ਲਏ ਹਨ, ਤਾਂ ਨਿਉਯਾਰਕ ਸਿਟੀ ਤੋਂ ਆਉਣ ਵਾਲੇ ਮੇਲ ਵਿੱਚ ਆਉਣ ਵਾਲੇ ਇੱਕ ਲਿਫਾਫੇ ਦੀ ਭਾਲ ਕਰੋ, ਇਸ ਲਿਫਾਫੇ ਵਿੱਚ ਤੁਹਾਡਾ ਚੈੱਕ ਹੋਵੇਗਾ। 22 ਮਾਰਚ ਤੋਂ 28 ਮਾਰਚ ਦੇ ਹਫਤੇ ਦੌਰਾਨ ਰੂਟ ਪੂਰੇ ਕਰਨ ਵਾਲੇ ਡਰਾਈਵਰਾਂ ਦੇ ਪਹਿਲੇ ਚੈੱਕ ਸ਼ੁੱਕਰਵਾਰ, 10 ਅਪ੍ਰੈਲ ਨੂੰ ਭੇਜੇ ਜਾਣਗੇ। ਕਿਰਪਾ ਕਰਕੇ ਚੈੱਕਾਂ ਦੀ ਡਿਲੀਵਰੀ ਹੋਣ ਲਈ ਕੁਝ ਦਿਨਾਂ ਦਾ ਇੰਤਜ਼ਾਰ ਕਰੋ। ਸਿਟੀ ਆਉਣ ਵਾਲੇ ਹਫਤਿਆਂ ਵਿੱਚ ਇੱਕ ਇਲੈਕਟ੍ਰਾਨਿਕ ਭੁਗਤਾਨ ਹੱਲ ਲਾਗੂ ਕਰੇਗੀ ਜਿਸ ਨਾਲ ਡਰਾਈਵਰ ਆਪਣੇ ਫੰਡਾਂ ਤੱਕ ਹੋਰ ਤੇਜ਼ੀ ਨਾਲ ਪਹੁੰਚ ਕਰ ਸਕਣਗੇ।

ਜੇ ਮੇਰੇ ਪੇਚੈੱਕ ਵਿੱਚ ਕੋਈ ਗਲਤੀ ਹੁੰਦੀ ਹੈ ਤਾਂ ਮੈਂ ਕੀ ਕਰਾਂ?

NYC ਡਰਾਈਵਰਾਂ ਨੂੰ ਉਨ੍ਹਾਂ ਦੇ ਕੰਮ ਲਈ ਉੱਚਿਤ ਤਰੀਕੇ ਨਾਲ ਭੁਗਤਾਨ ਕਰਨ ਲਈ ਪ੍ਰਤੀਬੱਧ ਹੈ। ਜੇ ਤੁਹਾਡਾ ਮੰਨਣਾ ਹੈ ਕਿ ਤੁਹਾਡੀ ਪੇਮੇਂਟ ਵਿੱਚ ਕੋਈ ਗਲਤੀ ਹੋਈ ਹੈ, ਤਾਂ ਅਸੀਂ ਤੁਹਾਡੇ ਦਾਅਵੇ ਦੀ ਧਿਆਨ ਨਾਲ ਸਮੀਖਿਆ ਕਰਾਂਗੇ ਅਤੇ ਜ਼ਰੂਰਤੇ ਅਨੁਸਾਰ ਸੰਸ਼ੋਧਨ ਕਰਾਂਗੇ।

ਭੁਗਤਾਨ ਸਬੰਧੀ ਸ਼ਿਕਾਇਤ ਦਾਇਰ ਕਰਨ ਲਈ ਕਿਰਪਾ ਕਰਕੇ ਇਸ ਫਾਰਮ ਦੀ ਵਰਤੋਂ ਕਰੋ:https://www1.nyc.gov/site/em/resources/contact-getfoodnyc-program.page

- ਸਾਰੇ ਲੋੜੀਂਦੇ ਖੇਤਰ ਭਰੋ ਅਤੇ ਏਕ ਸਵਾਲ ਕੇ ਸਾਥ "I am a TLC driver with a question"(ਮੈਂ ਇੱਕ ਟੀ.ਐਲ.ਸੀ. ਡ੍ਰਾਈਵਰ ਹਾਂ ਜਿਸਦਾ ਇੱਕ ਸਵਾਲ ਹੈ) ਦੀ ਚੋਣ ਕਰੋ।
- ਟਿੱਪਣੀਆਂ ਦੇ ਖੇਤਰ ਵਿੱਚ, ਜਦੋਂ ਤੁਸੀਂ ਦਾਅਵਾ ਕਰਦੇ ਹੋ ਤਾਂ ਹੇਠ ਦਿੱਤੀ ਜਾਣਕਾਰੀ ਸ਼ਾਮਲ ਕਰਨਾ ਸੁਨਿਸ਼ਚਿਤ ਕਰੋ
    - ਤੁਹਾਡਾ ਟੀ.ਐਲ.ਸੀ. ਨੰਬਰ
    - ਤਾਰੀਖ਼ ਜਾਂ ਤਾਰੀਖ਼ਾਂ ਜਿਨ੍ਹਾਂ ਲਈ ਤੁਸੀਂ ਫੂਡ ਡਿਲੀਵਰੀ ਦਾ ਕੰਮ ਕੀਤਾ ਹੈ
    - ਰੂਟ ਆਈਡੀ ਨੰਬਰ ਜਿਸ ਤੇ ਤੁਸੀਂ ਫੂਡ ਡਿਲੀਵਰ ਕੀਤਾ ਹੈ (ਤੁਸੀਂ ਇਸ ਨੂੰ ਆਪਣੀ ਰਸੀਦ 'ਤੇ ਦੇਖ ਸਕਦੇ ਹੋ)
    - ਕੋਈ ਹੋਰ ਜਾਣਕਾਰੀ ਜੋ ਤੁਸੀਂ ਵਿਸ਼ਵਾਸ ਕਰਦੇ ਹੋ ਤੁਹਾਡੇ ਦਾਅਵੇ ਲਈ ਮਹੱਤਵਪੂਰਣ ਹੈ

ਤੁਹਾਡੇ ਦੁਆਰਾ ਆਪਣਾ ਦਾਅਵਾ ਸਬਮਿਟ ਕਰਨ ਤੋਂ ਬਾਅਦ, ਅਸੀਂ ਹੋਰ ਜਾਣਕਾਰੀ ਲਈ ਤੁਹਾਡੇ ਨਾਲ ਸੰਪਰਕ ਕਰ ਸਕਦੇ ਹਾਂ ਜਿਵੇਂ ਕਿ ਤੁਹਾਡੇ ਦੁਆਰਾ ਕੀਤੇ ਕਿਸੇ ਵੀ ਰੂਟ ਰਸੀਦ ਦਾ ਸਕੈਨ ਜਾਂ ਫੋਟੋਆਂ, ਜੋ ਤੁਹਾਡੇ ਕੋਲ ਹੋ ਸਕਦੀਆਂ ਹਨ। ਆਪਣੀਆਂ ਰੂਟ ਦੀਆਂ ਅਸਲ ਰਸੀਦਾਂ ਨੂੰ ਸੁਰੱਖਿਅਤ ਰੱਖਣਾ ਸੁਨਿਸ਼ਚਿਤ ਕਰੋ।